# ਪੰਜਾਬੀ (310)
# ਟੀ.ਐਮ.ਏ.
# ਸੀਨੀਅਰ ਸੈਕੰਡਰੀ ਪੱਧਰ

ਕੁਲ ਅੰਕ: 20
**MM.:20**

ਨੋਟ: (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜਮੀ ਹੈ। ਹਰਕੇ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਗਏ ਹਨ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

Note: (i) All Questions are compulsory. Marks for each question have been given in front of that.
(ii) Write your Enrolment number. A.I Name and Subject etc. on the top of the first page of the Answer Sheet.

ਪ੍ਰ.1 ਹੇਠ ਲਿਖਿਆਂ ਵਿਚੋਂ ਕਿਸੇ ਇੱਕ ਪ੍ਰਸ਼ਨ ਦਾ ਉਤਰ 40-60 ਸ਼ਬਦਾਂ ਵਿੱਚ ਦਿਓ। 2
ੳ) ਆਪਣੀ ਪਾਠ ਪੁਸਤਕ ਤੋਂ ਇਲਾਵਾ ਪੰਜ ਹੋਰ ਅਖਾਣ ਲਿਖੋ ਅਤੇ ਦਸੋ ਇਹ ਕਿਹੜੇ ਮੌਕੇ ਤੇ ਵਰਤੇ ਜਾਂਦੇ ਹਨ।
ਅ) "ਦੇਖ ਪਰਾਈ ਚੋਪੜੀ" ਤੁਕ ਬਾਰੇ ਆਪਣੇ ਵਿਚਾਰ ਵਿਸਥਾਰ ਵਿੱਚ ਲਿਖੋ।

ਪ੍ਰ.2 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਓ। 2
ੳ) "ਜਵਾਨ ਪੰਜਾਬ ਦੇ" ਕਵਿਤਾ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
ਅ) ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਲਈ ਦੁਭਾਸ਼ੀਏ ਦੀ ਕੀ ਜ਼ਿੰਮੇਵਾਰੀ ਹੈ? ਵਿਸਥਾਰ ਵਿੱਚ ਸਮਝਾਓ।

ਪ੍ਰ.3 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ- 2
ੳ) "ਨਿਊਯਾਰਕ ਕਮਾਲ ਦਾ ਸ਼ਹਿਰ ਹੈ, ਪਰ ਮੈਂ ਤਾਂ ਇੱਥੇ ਕਦੇ ਵੀ ਨਾ ਰਹਾਂ।" ਇਸ ਕਥਨ ਦੀ ਵਿਆਖਿਆ ਕਰੋ।
ਅ) ਭਾਈ ਘਨ੍ਹਈਆ ਦੀ ਸਾਖੀ ਤੋਂ ਤੁਹਾਨੂੰ ਕੀ ਪ੍ਰੇਰਨਾ ਮਿਲਦੀ ਹੈ? ਵਿਸਥਾਰ ਵਿੱਚ ਦੱਸੋ।

ਪ੍ਰ.4 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ- 4
ੳ) ਸੰਪਾਦਕੀ ਕਿਸ ਨੂੰ ਕਹਿੰਦੇ ਹਨ? ਚੰਗੀ ਸੰਪਾਦਕੀ ਦੇ ਕੀ ਗੁਣ ਹੁੰਦੇ ਹਨ। ਇਸ ਨੂੰ ਲਿਖਣ ਲਈ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ? ਵਿਸਥਾਰ ਸਹਿਤ ਲਿਖੋ।
ਅ) ਗੁਰਸ਼ਰਨ ਸਿੰਘ ਦੀ ਪੰਜਾਬੀ ਨਾਟਕ ਅਤੇ ਰੰਗ-ਮੰਚ ਨੂੰ ਦੇਣ ਬਾਰੇ ਵਿਸਥਾਰ ਵਿੱਚ ਲਿਖੋ।

ਚਲਦਾ ਪੰਨਾ...2.....

Scanned by CamScanner

ਪ੍ਰ.5 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ- 4

ੳ) ਕਹਾਣੀ "ਪੇਮੀ ਦੇ ਨਿਆਣੇ" ਦਾ ਮੁੱਖ ਵਿਸ਼ਾ ਅਤੇ ਉਦੇਸ਼ ਕੀ ਹੈ? ਬੱਚਿਆਂ ਦੇ ਮਨ ਵਿੱਚ ਡਰ ਦਾ ਪ੍ਰਵੇਸ਼ ਕਿਉਂ ਹੁੰਦਾ ਹੈ?

ਅ) 'ਅੱਥਰੂ' ਡਾਇਰੀ ਅੰਸ਼ ਦਾ ਲੇਖਕ ਕੌਣ ਹੈ?
ਅਤੇ ਇਹ ਡਾਇਰੀ-ਅੰਸ਼, ਲੇਖਕ ਦੀ ਕਿਸ ਕਿਤਾਬ ਚੋਂ ਲਿਆ ਗਿਆ ਹੈ ਅਤੇ ਇਹ ਵੀ ਦਸੋ ਉਹ ਕੀ ਸੁਣ ਕੇ ਪਿੱਘਲ ਜਿਹਾ ਜਾਂਦਾ ਹੈ?

ਪ੍ਰ.6 ਹੇਠ ਲਿਖਿਆ ਵਿਚੋਂ ਕੋਈ ਇੱਕ ਪ੍ਰੋਜੈਕਟ ਬਣਾਓ- 6

ੳ) ਤੁਹਾਡੇ ਪਸੰਦ ਦੀ ਕਿਸੇ ਫਿਲਮ ਦੀ ਕਹਾਣੀ ਅਤੇ ਵਿਸ਼ਾ ਸਾਹਮਣੇ ਰੱਖ ਕੇ ਚਰਚਾ ਕਰੋ। ਫ਼ਿਲਮ ਦੀ ਕਿਸੇ ਕਮਜ਼ੋਰੀ ਬਾਰੇ ਵੀ ਦੱਸੋ। ਇਸ ਤੋਂ ਤੁਸੀਂ ਕੀ ਸਿਖਿਆ ਹੈ? ਇਹ ਵੀ ਦੱਸੋ।

ਅ) ਆਪਣੇ ਬਚਪਨ ਵਿੱਚ ਵਾਪਰੀ ਕਿਸੇ ਦਿਲਚਸਪ ਘਟਨਾ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ ਅਤੇ ਢੁੱਕਵੇਂ ਚਿੱਤਰ ਵੀ ਬਣਾਓ।

Scanned by CamScanner